**CLASS : 12th** (Sr. Secondary) **Code No. 1206**

**Series : SS/Annual Exam.-2024**

*ਰੋਲ ਨੰ.* | | | | | | | | | | |

***SET : A***

# ਪੰਜਾਬੀ

## PUNJABI

***ACADEMIC/OPEN***

(Only for Fresh/Re-appear/Improvement/Additional Candidates)

***ਸਮਾਂ : 3 ਘੰਟੇ ]*** ***[ ਕੁਲ ਅੰਕ : 80***

- *ਕ੍ਰਿਪਆ ਜਾਂਚ ਕਰ ਲਓ ਕਿ ਇਸ ਪ੍ਰਸਨ-ਪੱਤਰ ਵਿੱਚ ਛੱਪੇ ਪੰਨਿਆ ਦੀ ਸੰਖਿਆ **8** ਅਤੇ ਪ੍ਰਸ਼ਨ **19** ਹਨ।*
- *ਪ੍ਰਸ਼ਨ-ਪੱਤਰ ਵਿੱਚ ਸੱਜੇ ਪਾਸੇ ਦਿੱਤੇ ਹੋਏ **ਕੋਡ ਨੰ.** ਅਤੇ **ਸੇਟ** ਨੂੰ ਵਿਦਿਆਰਥੀ ਉੱਤਰ-ਪੁਸਤਿਕਾ ਦੇ ਮੁੱਖ ਪੰਨੇ ਤੇ ਲਿਖ਼ਨ।*
- *ਕ੍ਰਿਪਆ ਪ੍ਰਸ਼ਨ ਦਾ ਉੱਤਰ ਲਿਖ਼ਣਾ ਸ਼ੁਰੂ ਕਰਨ ਤੋਂ ਪਹਿਲਾਂ ਪ੍ਰਸ਼ਨ ਦਾ ਕ੍ਰਮਾਂਕ ਜਰੂਰ ਲਿਖ਼ੋ।*
- *ਆਪਣੀ ਉੱਤਰ-ਪੁਸਤਿਕਾ ਵਿੱਚ ਖ਼ਾਲੀ ਪੰਨਾ/ਪੰਨੇ ਨਾ ਛੱਡੋ।*
- *ਉੱਤਰ-ਪੁਸਤਿਕਾ ਦੇ ਇਲਾਵਾ ਕੋਈ ਹੋਰ ਸ਼ੀਟ ਨਹੀਂ ਮਿਲੇਗੀ। ਇਸ ਲਈ ਢੁਕਵੇਂ ਹੀ ਲਿਖ਼ੋ ਅਤੇ ਲਿਖਿਆ ਉੱਤਰ ਨਾ ਕੱਟੋ।*
- *ਪ੍ਰੀਖਿਆਰਥੀ ਆਪਣਾ ਰੋਲ ਨੰ. ਪ੍ਰਸ਼ਨ-ਪੱਤਰ ਤੇ ਜ਼ਰੂਰ ਲਿਖਣ। ਰੋਲ ਨੰਬਰ ਨੂੰ ਛੱਡ ਕੇ ਪ੍ਰਸ਼ਨ ਪੱਤਰ 'ਤੇ ਕੁਝ ਨਾ ਲਿਖੋ ਅਤੇ ਵਿਕਲਪਿਕ ਪ੍ਰਸ਼ਨਾਂ ਦੇ ਉੱਤਰਾਂ 'ਤੇ ਕੋਈ ਨਿਸ਼ਾਨ ਨਾ ਬਣਾਓ।*
- *ਕ੍ਰਿਪਆ ਪ੍ਰਸ਼ਨਾਂ ਦਾ ਉੱਤਰ ਦੇਣ ਤੋਂ ਪਹਿਲਾਂ ਇਹ ਵੇਖ ਲੋ ਕਿ ਪ੍ਰਸ਼ਨ-ਪੱਤਰ ਪੂਰਾ ਅਤੇ ਠੀਕ ਹੈ। **ਪਰੀਖਿਆ ਦੇ ਬਾਅਦ ਇਸ ਸੰਬੰਧ ਵਿਚ ਕੋਈ ਵੀ ਦਾਅਵਾ ਨਹੀਂ ਮੰਨਿਆ ਜਾਏਗਾ।***



www.mseducationtv.com

***ਨੋਟ : ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।***

**ਭਾਗ – (ੳ)**

**1.** ਹੇਠ ਲਿਖੇ ਪੈਰ੍ਹੇ ਨੂੰ ਸਿਰਲੇਖ ਸਹਿਤ ਸੰਖੇਪ ਕਰਕੇ ਲਿਖੋ : 5

ਮਨੁੱਖ ਲਈ ਸਮੇਂ ਦੀ ਕਦਰ ਕਰਨਾ ਜਾਂ ਸਮੇਂ ਦਾ ਪਾਬੰਦ ਹੋਣਾ ਬਹੁਤ ਜ਼ਰੂਰੀ ਹੈ। ਸਮਾਂ ਬਹੁਤ ਕੀਮਤੀ ਹੁੰਦਾ ਹੈ। ਇਹ ਨਿਰੰਤਰ ਚਲਦਾ ਰਹਿੰਦਾ ਹੈ ਅਤੇ ਗਤੀਸ਼ੀਲ ਹੈ। ਸਮਾਂ ਕਿਸੇ ਦਾ ਇੰਤਜ਼ਾਰ ਨਹੀਂ ਕਰਦਾ। ਜਿਹੜਾ ਸਮਾਂ ਇਕ ਵਾਰੀ ਬੀਤ ਜਾਂਦਾ ਹੈ ਉਹ ਮੁੜਕੇ ਨਹੀਂ ਆਉਂਦਾ। ਸਾਨੂੰ ਸਮੇਂ ਦੀ ਕਦਰ ਕਰਨੀ ਚਾਹੀਦੀ ਹੈ। ਹਰ ਵੱਡੇ ਆਦਮੀ ਦੀ ਸਫਲਤਾ ਦੇ ਪਿੱਛੇ 'ਸਮੇਂ ਦੀ ਕਦਰ' ਕਰਨ ਦਾ ਰਾਜ਼ ਹੈ। ਜਿਸਨੇ ਵੀ ਇਸ ਸਮੇਂ ਨੂੰ ਪਛਾਣਿਆ ਅਤੇ ਕਦਰ ਕੀਤੀ ਉਹ ਫਰਸਾਂ ਤੋਂ ਅਰਸਾਂ ਤਕ ਦੀ ਉਡਾਰੀ ਲਾਉਂਦਾ ਹੈ। ਪਰ ਜੋ ਸਮੇਂ ਦੀ ਬੇਕਦਰੀ ਕਰਦਾ ਹੈ ਉਹ ਅਰਸਾਂ ਤੋਂ ਫਰਸਾਂ ਵਲ ਆਉਂਦਾ ਹੈ। ਕੇਵਲ ਮਨੁੱਖ ਵਲੋਂ ਹੀ ਨਹੀਂ ਸਗੋਂ ਕੁਦਰਤ ਵਲੋਂ ਵੀ ਕੰਮ ਦਾ ਸਮਾਂ ਮੁਕੱਰਰ ਹੈ। ਦਿਨ-ਰਾਤ ਆਪਣੇ ਸਮੇਂ ਅਨੁਸਾਰ ਚਲ ਰਹੇ ਹਨ। ਇਸੇ ਤਰ੍ਹਾਂ ਮਨੁੱਖ ਵਲੋਂ ਵੀ ਸਮੇਂ ਸਿਰ ਕੰਮ ਨਿਪਟਾਉਣ ਲਈ ਹਰ ਖੇਤਰ ਵਿਚ ਸਮਾਂ ਸਾਰਣੀਆਂ ਨਿਸ਼ਚਿਤ ਕੀਤੀਆਂ ਗਈਆਂ ਹਨ। ਸਾਨੂੰ ਸਮੇਂ ਨੂੰ ਕਿਸੇ ਵੀ ਤਰੀਕੇ ਨਾਲ ਬਰਬਾਦ ਨਹੀਂ ਕਰਨਾ ਚਾਹੀਦਾ। ਅਸੀਂ ਖਰਚਿਆਂ ਪੈਸਾ ਕਮਾ ਸਕਦੇ ਹਾਂ ਪਰ ਅਸੀਂ ਗਵਾਇਆ ਸਮਾਂ ਵਾਪਸ ਨਹੀਂ ਲੈ ਸਕਦੇ। ਇਸ ਲਈ ਸਮੇਂ ਨੂੰ ਪੈਸੇ ਨਾਲੋਂ ਵਧੇਰੇ ਕੀਮਤੀ ਬਣਾਉਣਾ ਹੈ। ਸਾਨੂੰ ਸਮੇਂ ਦੀ ਵਰਤੋਂ ਆਪਣੇ ਭਲੇ ਦੇ ਨਾਲ-ਨਾਲ ਦੂਜਿਆਂ ਦੇ ਭਲੇ ਲਈ ਕਰਨੀ ਚਾਹੀਦੀ ਹੈ ਤਾਂ ਜੋ ਅਸੀਂ ਇਕ ਨਿਰੋਇਆ ਸਮਾਜ ਸਿਰਜ ਸਕੀਏ।

**2.** ਹੇਠ ਲਿਖਿਆਂ ਸਿਖਿਆਵਾਂ ਵਿਚੋਂ ਕਿਸੇ ***ਇਕ*** ਉੱਤੇ ਕਹਾਣੀ ਲਿਖੋ : 5

(ੳ) ਏਕੇ ਵਿਚ ਬਰਕਤ

(ਅ) ਅੰਤ ਭਲੇ ਦਾ ਭਲਾ

(ੲ) ਈਮਾਨਦਾਰੀ ਚੰਗੀ ਨੀਤੀ ਹੈ

**3.** ਹੇਠ ਲਿਖੇ ਸਾਹਿਤਕਾਰਾਂ ਵਿਚੋਂ ਕਿਸੇ ***ਇਕ*** ਦੇ ਜੀਵਨ ਅਤੇ ਰਚਨਾਵਾਂ ਬਾਰੇ ਸੰਖੇਪ ਰੂਪ ਵਿਚ ਲਿਖੋ : 5

(ੳ) ਸ਼੍ਰੀ ਗੁਰੂ ਅਰਜਨ ਦੇਵ ਜੀ

(ਅ) ਸ਼ੇਖ ਫਰੀਦ ਜੀ

(ੲ) ਸ਼ਾਹ-ਮੁਹੰਮਦ



www.mseducationtv.com

**4.** ਹੇਠ ਲਿਖੇ ਬਹੁ ਵਿਕਲਪੀ ਪ੍ਰਸ਼ਨਾ ਦੇ ਠੀਕ ਉੱਤਰ ਚੁਣੋਂ : 1 × 5 = 5

(i) ਗੁਰਮਤਿ ਕਾਵਿ ਦਾ ਮੋਢੀ ਕੌਣ ਹੈ ?

(ੳ) ਗੁਰੂ ਨਾਨਕ ਦੇਵ ਜੀ (ਅ) ਗੁਰੂ ਅਰਜਨ ਦੇਵ ਜੀ

(ੲ) ਗੁਰੂ ਅੰਗਦ ਦੇਵ ਜੀ (ਸ) ਗੁਰੂ ਅਮਰਦਾਸ ਜੀ

(ii) ਦਮੋਦਰ ਨੇ ਕਿਹੜਾ ਕਿੱਸਾ ਲਿਖਿਆ ?

(ੳ) ਸੱਸੀ-ਪੁੰਨੂ (ਅ) ਮਿਰਜਾ-ਸਾਹਿਬਾਂ

(ੲ) ਹੀਰ-ਰਾਂਝਾ (ਸ) ਸੋਹਣੀ-ਮਹੀਵਾਲ

(iii) ਬੁੱਲ੍ਹੇ ਸ਼ਾਹ ਦਾ ਜਨਮ ਕਦੋਂ ਹੋਇਆ ?

(ੳ) 1690 (ਅ) 1680

(ੲ) 1670 (ਸ) 1685

(iv) ਸ਼ਾਹ-ਹੁਸੈਨ ਨੇ ਕਿੰਨੀਆਂ ਕਾਫੀਆਂ ਲਿਖਿਆਂ ?

(ੳ) 164 (ਅ) 165

(ੲ) 163 (ਸ) 162

(v) 'ਕੌਮੀ ਕਵੀ' ਕਿਸ ਨੂੰ ਕਿਹਾ ਜਾਂਦਾ ਹੈ ?

(ੳ) ਸ਼ਾਹ-ਮੁਹੰਮਦ (ਅ) ਬੁੱਲ੍ਹੇਸ਼ਾਹ

(ੲ) ਸ਼ਾਹ ਹੁਸੈਨ (ਸ) ਪੂਰਨ ਸਿੰਘ

**5.** ਹੇਠ ਲਿਖੇ ਬਹੁ ਵਿਕਲਪੀ ਪ੍ਰਸ਼ਨਾ ਦੇ ਠੀਕ ਉੱਤਰ ਚੁਣੋ : 1 × 5 = 5

(i) ਨਿੱਕਿਆਂ ਕਵਿਤਾਵਾਂ ਦਾ ਵੱਡਾ ਕਵੀ ਕਿਸਨੂੰ ਕਿਹਾ ਜਾਂਦਾ ਹੈ ?

(ੳ) ਪ੍ਰੋ. ਮੋਹਨ ਸਿੰਘ (ਅ) ਪ੍ਰੋ. ਪੂਰਨ ਸਿੰਘ

(ੲ) ਭਾਈ ਵੀਰ ਸਿੰਘ (ਸ) ਅੰਮ੍ਰਿਤਾ ਪ੍ਰੀਤਮ



www.mseducationtv.com

(ii) ਨਨਕਾਇਣ ਮਹਾਂ-ਕਾਵਿ ਕਿਸਦਾ ਲਿਖਿਆ ਹੈ?

(ੳ) ਧਨੀਰਾਮ ਚਾਤ੍ਰਿਕ (ਅ) ਸੁਰਜੀਤ ਪਾਤਰ

(ੲ) ਪ੍ਰੋ. ਮੋਹਨ ਸਿੰਘ (ਸ) ਪ੍ਰੋ. ਪੂਰਨ ਸਿੰਘ

(iii) ਅੰਮ੍ਰਿਤਾ-ਪ੍ਰੀਤਮ ਦੇ ਕਿਸ ਕਾਵਿ-ਸੰਗ੍ਰਹਿ ਨੂੰ ਗਿਆਨ ਪੀਠ ਪੁਰਸਕਾਰ ਮਿਲਿਆ?

(ੳ) ਅੰਮ੍ਰਿਤ ਲਹਿਰਾਂ (ਅ) ਸਰਘੀ ਵੇਲਾ

(ੲ) ਕਾਗਜ਼ ਤੇ ਕੈਨਵਸ (ਸ) ਸੁਨੇਹੜੇ

(iv) ਗੁਰਬਖਸ਼ ਸਿੰਘ ਪ੍ਰੀਤਲੜੀ ਨੇ ਕਿਹੜਾ ਨਗਰ ਵਸਾਇਆ?

(ੳ) ਪ੍ਰੀਤਨਗਰ (ਅ) ਅੰਮ੍ਰਿਤਸਰ

(ੲ) ਲਾਹੌਰ (ਸ) ਜਲੰਧਰ

(v) 'ਲੂਣਾਂ' ਕਵਿਤਾ ਕਿਸ ਕਵੀ ਦੀ ਹੈ?

(ੳ) ਜਗਤਾਰ (ਅ) ਸੁਰਜੀਤ ਪਾਤਰ

(ੲ) ਸ਼ਿਵ ਕੁਮਾਰ ਬਟਾਲਵੀ (ਸ) ਅੰਮ੍ਰਿਤਾ ਪ੍ਰੀਤਮ

**6.** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਸੰਖੇਪ ਵਿਚ ਲਿਖੋ : $1 \times 5 = 5$

(i) ਪ੍ਰਿ. ਤੇਜਾ ਸਿੰਘ ਦੀ ਸਵੈ-ਜੀਵਨੀ ਦਾ ਨਾਂ ਲਿਖੋ।

(ii) ਪੰਜਾਬੀ ਰੰਗਮੰਚ ਦਾ ਪਿਤਾਮਾ ਕੌਣ ਹੈ?

(iii) ਅਜੀਤ ਕੌਰ ਦਾ ਜਨਮ ਕਦੋਂ ਹੋਇਆ?

(iv) ਖੁੱਲ੍ਹੀ ਕਵਿਤਾ ਲਿਖਣ ਦਾ ਮੋਢੀ ਕਵੀ ਕੌਣ ਹੈ?

(v) ਡਾ. ਹਰਚਰਨ ਸਿੰਘ ਦਾ ਜਨਮ ਕਦੋਂ ਹੋਇਆ?



www.mseducationtv.com

**ਭਾਗ – (ਅ)**

**7.** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ***ਇਕ ਸ਼ਬਦ*** ਵਿਚ ਲਿਖੋ : $1 \times 3 = 3$

(i) 'ਚਿੜੀਆਂ ਦਾ ਚੰਬਾ' ਕਵਿਤਾ ਵਿਚ ਚਿੜੀਆਂ ਕਿਸਦਾ ਪ੍ਰਤੀਕ ਹਨ ?

(ii) 'ਲੂਣਾ' ਕਵਿਤਾ ਵਿਚ ਕਵੀ ਕਿਸਨੂੰ ਦੋਸ਼ੀ ਠਹਿਰਾਂਉਦਾ ਹੈ ?

(iii) 'ਪਸ਼ੂ ਚਰਦੇ' ਕਵਿਤਾ ਕਿਸ ਕਵੀ ਦੀ ਹੈ ?

**8.** ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾ ਦੇ ਠੀਕ ਉੱਤਰ ਚੁਣੋ : $1 \times 3 = 3$

(i) 'ਸ਼ੋਭਾ-ਸ਼ਕਤੀ' ਨਾਟਕ ਵਿਚ ਕਿੰਨ੍ਹੇ ਨਾਟ ਹਨ ?

(ੳ) ਦੋ (ਅ) ਤਿੰਨ

(ੲ) ਚਾਰ (ਸ) ਪੰਜ

(ii) 'ਸ਼ੋਭਾ' ਦੂਜੇ ਨਾਟ ਵਿਚ ਕਿਹੜੇ ਰੂਪ ਵਿਚ ਪੇਸ਼ ਹੋਈ ਹੈ ?

(ੳ) ਧੀ (ਅ) ਭੈਣ

(ੲ) ਪਤਨੀ (ਸ) ਸੱਸ

(iii) ਸਾਂਤੀ ਦੇਵੀ ਸ਼ੋਭਾ ਦੀ ਕੀ ਲਗਦੀ ਹੈ ?

(ੳ) ਮਾਂ (ਅ) ਸੱਸ

(ੲ) ਨੂੰਹ (ਸ) ਭੈਣ

**9.** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਸੰਖੇਪ ਵਿਚ ਲਿਖੋ : $1 \times 3 = 3$

(i) ਵੈਦਰ ਕਰਾਫਟ ਕਿਥੋਂ ਦਾ ਰਹਿਣ ਵਾਲਾ ਸੀ ?

(ii) 'ਸਭਿਅਤਾ ਦੇ ਦੋ ਪੱਧਰ' ਨਿਬੰਧ ਕਿਸਦੀ ਰਚਨਾ ਹੈ ?

(iii) 'ਮਲਕ ਭਾਗੋ ਤੇ ਭਾਈ ਲਾਲੋ' ਲੇਖ ਵਿਚ ਕੀ ਉਪਦੇਸ਼ ਦਿਤਾ ਗਿਆ ਹੈ ?



www.mseducationtv.com

**10.** ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕਿਸੇ ***ਦੋ*** ਦੇ ਉੱਤਰ ਸੰਖੇਪ ਵਿਚ ਲਿਖੋ : $2 \times 2 = 4$

(i) 'ਚਸ਼ਮਾ ਇੱਛਾਬਲ 'ਤੇ ਡੂੰਘੀਆਂ ਸ਼ਾਮਾਂ' ਕਵਿਤਾ ਦਾ ਕੇਂਦਰੀ ਭਾਵ ਲਿਖੋ।

(ii) 'ਖਤਾਂ ਦੀ ਉਡੀਕ' ਕਵਿਤਾ ਵਿਚ ਕਾਵਿ-ਨਾਇਕ ਕਿਸ-ਕਿਸ ਦੇ ਖਤਾਂ ਦੀ ਉਡੀਕ ਕਰਦਾ ਹੈ?

(iii) 'ਲੂਣਾਂ' ਕਵਿਤਾ ਵਿਚ ਲੂਣਾਂ ਆਪਣੇ ਆਪ ਨੂੰ ਬਦਕਿਸਮਤ ਕਿਉਂ ਸਮਝਦੀ ਹੈ?

**11.** ਹੇਠ ਲਿਖੇ ਪ੍ਰਸ਼ਨਾ ਦੇ ਉੱਤਰ ਸੰਖੇਪ ਵਿਚ ਲਿਖੋ : $2 \times 2 = 4$

(i) 'ਸ਼ੋਭਾ-ਸ਼ਕਤੀ' ਨਾਟਕ ਦਾ ਵਿਸ਼ਾ ਕੀ ਹੈ?

**ਜਾਂ**

'ਸ਼ੋਭਾ-ਸ਼ਕਤੀ' ਨਾਟਕ ਦੇ ਦੂਜੇ ਨਾਟ ਦੀ ਪ੍ਰਮੁੱਖ ਘਟਨਾ ਬਿਆਨ ਕਰੋ।

(ii) ਸ਼ੋਭਾ ਦਾ ਪਾਤਰ ਚਿਤਰਨ ਕਰੋ।

**ਜਾਂ**

'ਸ਼ੋਭਾ-ਸ਼ਕਤੀ' ਨਾਟਕ ਰਾਹੀਂ ਸਾਨੂੰ ਕੀ ਸੰਦੇਸ਼ ਦਿਤਾ ਗਿਆ ਹੈ?

**12.** ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕਿਸੇ ***ਦੋ*** ਪ੍ਰਸ਼ਨਾਂ ਦੇ ਉੱਤਰ ਸੰਖੇਪ ਵਿਚ ਲਿਖੋ : $2 \times 2 = 4$

(i) ਬੀਬੀ ਭਾਨੀ ਅਤੇ ਜੇਠਾ ਜੀ ਗੁਰੂ ਅਮਰਦਾਸ ਜੀ ਦੇ ਕੀ ਲਗਦੇ ਹਨ?

(ii) ਪਿਆਰ ਵਿਚ ਕਿਹੜੇ-ਕਿਹੜੇ ਗੁਣ ਸਮੋਏ ਰਹਿੰਦੇ ਹਨ?

(iii) 'ਸ਼ੀਸ਼ੇ-ਸਾਹਮਣੇ' ਲੇਖ ਵਿਚ ਲੇਖਕ ਕਿਥੇ ਜਾਣ ਤੋਂ ਘਬਰਾਂਉਂਦਾ ਹੈ?

**13.** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ **20-25** ਸ਼ਬਦਾਂ ਵਿਚ ਲਿਖੋ : 3

'ਬਿਨਫ਼ਸ਼ਾਂ ਦਾ ਫੁੱਲ' ਕਵਿਤਾ ਵਿਚ ਤੁਹਾਨੂੰ ਕੀ ਸਿਖਿਆ ਮਿਲਦੀ ਹੈ?

**ਜਾਂ**

'ਆਪਣਾ-ਆਪਣਾ ਸੂਰਜ' ਕਵਿਤਾ ਵਿਚ ਸੂਰਜ ਦੇ ਕਿਹੜੇ-ਕਿਹੜੇ ਪ੍ਰਕਾਰ ਦਰਸਾਏ ਗਏ ਹਨ?



www.mseducationtv.com

**14.** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ **20-25** ਸ਼ਬਦਾਂ ਵਿਚ ਲਿਖੋ : 3

ਰਮੇਸ਼ ਕੌਣ ਹੈ? ਸ਼ੋਭਾ ਅਤੇ ਦੀਨਦਿਆਲ ਕਪੂਰ ਨਾਲ ਉਸਦਾ ਕੀ ਰਿਸ਼ਤਾ ਹੈ?

**ਜਾਂ**

ਸ਼ੋਭਾ ਨਾਟਕ ਵਿਚ ਇਸਤਰੀ ਦੇ ਕਿਹੜੇ-ਕਿਹੜੇ ਰੂਪ ਵਿਚ ਸਾਹਮਣੇ ਆਈ ਹੈ?

**15.** ਕਿਸੇ ***ਇਕ*** ਪ੍ਰਸ਼ਨ ਦਾ ਉੱਤਰ **20-25** ਸ਼ਬਦਾਂ ਵਿਚ ਲਿਖੋ : 3

'ਠਾਣੇਦਾਰੀ' ਲੇਖ ਦਾ ਉਦੇਸ਼ ਕੀ ਹੈ?

**ਜਾਂ**

ਏਵੀਆਂ ਦੇ ਚਸ਼ਮੇ ਬਾਰੇ ਤੁਸੀ ਕੀ ਜਾਣਦੇ ਹੋ?

**16.** ਹੇਠ ਲਿਖੇ ਕਾਵਿ-ਟੋਟਿਆਂ ਵਿਚੋਂ ਕਿਸੇ ***ਇਕ*** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ : 5

(ੳ) ਸੁਹਣੀ ਨੇ ਅਸਮਾਨ ਖੜੋਕੇ, ਧਰਤੀ ਵਲ ਤਕਾਕੇ,
ਇਹ ਮੁੱਠੀ ਖੁਹਲੀ ਤੇ ਸੁੱਟਿਆ ਸਭ ਕੁਛ ਹੇਠ ਤਕਾਕੇ।
ਜਿਸ ਥਾਂਵੇ ਧਰਤੀ ਤੇ ਆਕੇ ਇਹ ਮੁਠ ਡਿੱਗੀਸਾਰੀ,
ਉਸ ਥਾਂਉ 'ਕਸ਼ਮੀਰ' ਬਣ ਗਿਆ ਟੁਕੜੀ ਜੱਗ ਤੋਂ ਨਯਾਰੀ।

(ਅ) ਮੈ ਕੰਡਿਆਲੀ ਥੋਰ੍ਹ ਵੇ ਸੱਜਣਾਂ। ਉੱਗੀ ਵਿਚ ਜੋ ਬੇਲੇ।
ਨਾ ਕੋਈ ਮੇਰੀ ਛਾਂਵੇ ਬੈਠੇ, ਨਾ ਪੱਤ ਖਾਵਣ ਲੇਲੇ।
ਮੈ ਰਾਜੇ ਦੀ ਬਰਦੀ ਅੜਿਆ, ਤੂੰ ਰਾਜੇ ਦਾ ਜਾਇਆ
ਤੁਹੀਉਂ ਦੱਸ ਵੇ ਮੋਹਰਾਂ ਸਾਹਵੇਂ, ਮੁੱਲ ਕੀ ਖੋਵਨ ਧੇਲੇ?



www.mseducationtv.com

**17.** ਹੇਠ ਲਿਖੀਆਂ ਕਵਿਤਾਵਾਂ ਵਿਚੋਂ ਕਿਸੇ ***ਇਕ*** ਦਾ ਸਾਰ ਲਿਖੋ : 5

(ੳ) ਰਾਧਾ ਸੰਦੇਸ਼

(ਅ) ਤਾਜਮਹੱਲ

(ੲ) ਚਿੜੀਆਂ ਦਾ ਚੰਬਾ

**18.** ਹੇਠ ਲਿਖਿਆਂ ਪ੍ਰਸ਼ਨਾਂ ਵਿਚੋਂ ਕਿਸੇ ***ਇਕ*** ਦਾ ਉੱਤਰ **40-50** ਸ਼ਬਦਾਂ ਵਿੱਚ ਲਿਖੋ : 5

'ਸ਼ੋਭਾ-ਸ਼ਕਤੀ' ਨਾਟਕ ਦਾ ਉਦੇਸ਼ ਲਿਖੋ।

**ਜਾਂ**

'ਸ਼ੋਭਾ-ਸ਼ਕਤੀ' ਨਾਟਕ ਦੇ ਤੀਜੇ ਨਾਟ ਦਾ ਸਾਰ ਲਿਖੋ।

**19.** ਹੇਠ ਲਿਖੇ ਲੇਖਾਂ ਵਿਚੋਂ ਕਿਸੇ ***ਇਕ*** ਦਾ ਸਾਰ ਲਿਖੋ : 5

(ੳ) ਮਲਕ ਭਾਗੋ ਤੇ ਭਾਈ ਲਾਲੋ

(ਅ) ਸਾਡੇ ਲੋਕ-ਗੀਤ

(ੲ) ਕੌਮ ਲਈ ਕੁਰਬਾਨੀ



www.mseducationtv.com